# ਸਾਰ

ਤੁਹਾਨੂੰ ਯਾਦ ਹੋਵੇਗਾ ਕਿ ਆਪਣੇ ਸਫ਼ਰ ਦੇ ਸ਼ੁਰੂ ਵਿਚ ਅਸੀਂ ਆਖਿਆ ਸੀ ਕਿ ਖ਼ੁਦਾ ਦੇ ਸੁਭਾਅ ਦੀ ਖੋਜ ਕਰਨਾ ਇਕ ਸਾਹਸੀ ਕੰਮ ਹੈ। ਸਾਨੂੰ ਉਮੀਦ ਹੈ ਕਿ ਰਾਹ ਵਿਚ ਆਉਣ ਵਾਲੀਆਂ ਕਠਿਨ ਚੁਣੌਤੀਆਂ ਦੇ ਬਾਵਜੂਦ ਅਸੀਂ ਆਪਣੇ ਸਾਹਸ ਭਰੇ ਸਫ਼ਰ ਵਿਚ ਮਿਲ ਕੇ ਅੱਗੇ ਵਧ ਸਕੇ ਹਾਂ। ਅਸੀਂ ਮੰਨਦੇ ਹਾਂ ਕਿ ਖ਼ੁਦਾ ਨੇ ਖੁਦ ਆਪਣੀ ਸਿਰਜਣਾ ਵਿਚ ਆਪਣੇ ਪੁੱਤਰ ਵਿਚ ਅਤੇ ਬਾਈਬਲ ਵਿਚ ਆਪਣੇ ਆਪ ਨੂੰ ਪ੍ਰਗਟ ਨਹੀਂ ਕੀਤਾ ਹੁੰਦਾ ਤਾਂ ਅਸੀਂ ਏਥੋਂ ਤਕ ਨਹੀਂ ਪਹੁੰਚ ਸਕਦੇ ਸੀ। ਜੋ ਕੁਝ ਖ਼ੁਦਾ ਨੇ ਆਪਣੇ ਵਿਖੇ ਪ੍ਰਗਟ ਨਹੀਂ ਕੀਤਾ ਅਰਥਾਤ ਵਕਤ, ਉਸ ਵਿੱਖੇ ਅਸੀਂ ਨਹੀਂ ਜਾਣ ਸਕਦੇ। ਇਸ ਤੋਂ ਸਾਨੂੰ ਦੋ ਤੱਥਾਂ ਦਾ ਪਤਾ ਚਲਦਾ ਹੈ। ਪਹਿਲਾ, ਉਸਦੀ ਮਦਦ ਦੇ ਬਗ਼ੈਰ ਉਸ ਨੂੰ ਜਾਣਨ ਵਿਚ ਅਸੀਂ ਪੂਰੀ ਤਰ੍ਹਾਂ ਨਾਲ ਅਸਮਰਥ ਹਾਂ। ਅਸੀਂ ਸਿਰਜਣਾ ਰਾਹੀਂ ਜਾਣ ਕੇ ਯਕੀਨ ਕਰ ਸਕਦੇ ਹਾਂ ਕਿ ਖ਼ੁਦਾ ਹੈ।

ਬਾਈਬਲ ਰਾਹੀਂ ਅਸੀਂ ਜਾਣ ਸਕਦੇ ਹਾਂ ਕਿ ਖ਼ੁਦਾ ਕੇਹੋ ਜਿਹਾ ਹੈ, ਅਤੇ ਉਹ ਸਾਨੂੰ ਕਿਸ ਤਰ੍ਹਾਂ ਦੇ ਵੇਖਣਾ ਚਾਹੁੰਦਾ ਹੈ। ਮਿਲ ਕੇ ਅਧਿਐਨ ਕਰਨ ਲਈ ਅਸੀਂ ਬਾਈਬਲ ਦਾ ਵਿਆਪਕ ਵਰਤੋਂ ਏਸੇ ਲਈ ਕਰਦੇ ਹਾਂ। ਮੇਰਾ ਮੰਨਣਾ ਹੈ ਕਿ ਮੇਰੇ ਵਾਂਗ, ਤੁਸੀਂ ਵੀ ਪਿਤਾ ਦੇ ਰੂਪ ਵਿਚ ਖ਼ੁਦਾ ਦੀ ਬਹੁਪੱਖੀ ਭੂਮਿਕਾ ਤੇ ਹੈਰਾਨ ਅਤੇ ਡਰੇ ਹੋਵੋਗੇ। ਆਪਣੀਆਂ ਯਾਤਰਾਵਾਂ ਵਿਚ ਵਕਤ ਦੇ ਰੁਖ਼ ਨੂੰ ਮੋੜਦੇ ਹੋਏ, ਲੰਮੇ ਤੰਗ ਦ੍ਰਿਸ਼ਾਂ ਨੇ ਖ਼ੁਦਾ ਨੂੰ ਅਨਾਦੀ ਪਿਤਾ, ਸਿਰਜਣਹਾਰ ਪਿਤਾ, ਸੰਸਾਰਵਿਆਪੀ ਪਿਤਾ,ਚੋਣ ਕਰਨ ਵਾਲੇ ਪਿਤਾ ਅਤੇ ਰੂਹਾਨੀ ਪਿਤਾ ਦੇ ਰੂਪ ਵਿਚ ਵਿਖਾਇਆ ਹੈ।

ਬਾਗ਼-ਏ-ਅਦਨ ਵਿਚ ਪੁਰਾਣੇ ਸਮੇਂ ਦੀਆਂ ਧੁੰਦਾਂ ਵਿੱਚੋਂ ਵੇਖਦੇ ਹੋਏ ਪੁਰਖ ਅਤੇ ਇਸਤਰੀ ਨੂੰ ਉਨ੍ਹਾਂ ਦੀ ਮੁੱਢਲੀ ਪਵਿੱਤਰ ਹਾਲਤ ਵਿਚ ਜਿਸ ਵਿਚ ਉਨ੍ਹਾਂ ਦੇ ਪਿਓ ਨੇ ਉਨ੍ਹਾਂ ਨੂੰ ਰਚਿਆ ਸੀ, ਵੇਖਕੇ ਅਸੀਂ ਸਾਰੇ ਖੁਸ਼ੀ ਦੇ ਨਾਲ ਨੱਚਣ ਲਗਦੇ ਹਾਂ। ਉਨ੍ਹਾਂ ਨੂੰ ਖ਼ੁਦਾ ਦਾ ਹੁਕਮ ਤੋੜਦੇ, ਸਜ਼ਾ ਪਾਉਂਦੇ ਅਤੇ ਨਤੀਜਨ ਉਸ ਤੋਂ ਦੂਰ ਕੱਢੇ ਜਾਣ ਨੂੰ ਵੇਖ ਕੇ ਨਿਰਾਸ਼ਾ ਵਿਚ ਡੁੱਬ ਜਾਂਦੇ ਹਾਂ। ਪਾਪ ਵਿਚ ਡਿੱਗੀ ਮਨੁੱਖ ਕੌਮ ਨੂੰ ਫਿਰ ਤੋਂ ਬਹਾਲ ਕਰਨ ਲਈ ਖ਼ੁਦਾ ਦੇ ਸਬਰ ਦੇ ਕੰਮ ਨੂੰ ਵੇਖ ਕੇ ਸਾਡੀ ਜਾਨ ਵਿਚ ਆਈ ਸੀ। ਬੇਲਗਾਮ ਭ੍ਰਿਸ਼ਟਾਚਾਰ ਦੇ ਬਾਵਜੂਦ ਖ਼ੁਦਾ ਨੇ ਨੂਹ ਅਤੇ ਜਹਾਜ਼ ਦੇ ਨਾਲ ਪਰਲੋ ਤੋਂ ਕੁਝ ਧਰਮੀ ਲੋਕਾਂ ਨੂੰ ਬਚਾ ਲਿਆ। ਕੁਧਰਮ ਦੇ ਬਾਵਜੂਦ ਖ਼ੁਦਾ ਨੇ ਆਪਣੀ ਮਹਾਨ ਕਲਪਨਾ ਵਿਚ ਅਬਰਾਹਾਮ ਨੂੰ ਬੁਲਾਇਆ ਜਿਹਦੇ ਰਾਹੀਂ ਉਸ ਨੇ ਆਪਣੇ ਲੋਕਾਂ ਨੂੰ ਇਕ ਨਵੀਂ ਦਿਸ਼ਾ ਦੇਣੀ ਸੀ (ਗਲਾਤੀਆਂ 3:6-9)। ਖ਼ੁਦਾ ਨੂੰ ਅਸੀਂ ਮੂਸਾ ਦੇ ਰਾਹੀਂ ਸ਼ਰ੍ਹਾ ਦੇ ਕੇ ਜੋ ਉਨ੍ਹਾਂ ਨੂੰ ਮਸੀਹਾ ਤਕ ਲਿਆਉਣ ਲਈ ਬਣਾਈ ਗਈ ਸੀ, ਆਪਣੇ ਲੋਕਾਂ ਦੀ ਹਿਫ਼ਾਜ਼ਤ ਕੀਤੀ (ਗਲਾਤੀਆਂ 3:23-25)।

ਫਿਰ ਅਸੀਂ ਸੰਸਾਰ ਵਿਚ ਸਭ ਤੋਂ ਵੱਖਰੇ ਤਰੀਕੇ ਨਾਲ ਪੈਦਾ ਹੋਏ ਖ਼ੁਦਾ ਦੇ ਪੁੱਤਰ ਦਾ ਪਤਾ ਲਾਇਆ। ਜਦੋਂ ਖ਼ੁਦਾ ਦੇ ਹਿਸਾਬ ਨਾਲ ''ਸਮਾਂ ਪੂਰਾ ਹੋਇਆ'' ਤਾਂ ਅਸੀਂ ਦੁਪਹਿਰ ਦੇ ਸੂਰਜ ਤੋਂ ਵੀ ਵੱਧ ਜਲੌ ਨਾਲ ਉਹਦੇ ਬੇਟੇ ਨੂੰ ਧਰਤੀ ਤੇ ਆਉਂਦੇ ਵੇਖਿਆ। ਅਸਲ ਵਿਚ ਉਹਦੀ ਵਿਲੱਖਣਤਾ, ਪ੍ਰਤਾਪ, ਇਨਸਾਨੀਅਤ, ਅਤੇ ਮਹਿਮਾ ਐਨੇ ਕਾਇਲ ਕਰਨ ਵਾਲੇ ਸੀ, ਐਨੇ ਜ਼ਿਆਦਾ ਖ਼ੁਦਾਈ ਸਨ ਕਿ ਸੰਸਾਰ ਦੇ ਪਾਪਾਂ ਜਦੋਂ ਇਸ ਪਵਿੱਤਰ ਅਤੇ ਧਰਮੀ ਮਨੁੱਖ ਨੇ ਆਪਣੇ ਆਪ ਦੀ ਭੇਂਟ ਚੜ੍ਹਾਈ ਤਾਂ ਸੂਰਜ ਦੀ ਚਮਕ ਵੀ ਹਨੇਰੇ ਵਿਚ ਬਦਲ ਗਈ (ਮਰਕੁਸ 15:33)। ਇਹ ਨਜ਼ਾਰਾ, ਏਨਾ ਸਪੱਸ਼ਟ, ਏਨਾ ਪਰਭਾਓ ਪਾਉਣ ਵਾਲਾ ''ਦੂਸਰੇ ਸੰਸਾਰੀ'' ਤੱਤਾਂ ਤੋਂ ਐਨਾ ਵੱਖਰਾ ਸੀ ਕਿ ਰੋਮੀ ਅਧਿਕਾਰੀ ਵੀ

ਜੋ ਯਿਸੂ ਦੇ ਸਾਹਮਣੇ ਖੜਾ ਉਸ ਨੂੰ ਮਰਦੇ ਹੋਏ ਵੇਖ ਰਿਹਾ ਸੀ, ਕਹਿਣ ਲੱਗਾ, ''ਸੱਚਮੁੱਚ ਇਹ ਮਨੁੱਖ, ਖ਼ੁਦਾ ਦਾ ਪੁੱਤਰ ਸੀ'' (ਮਰਕੁਸ 15:39)।

ਅਸੀਂ ਇਕ ਬੇਭਰੋਸੇ ਵਾਲਾ ਸਫ਼ਰ ਕਰ ਰਹੇ ਸੀ। ਆਖਰ ਵਿਚ ਅਸੀਂ ਖ਼ੁਦਾ ਨੂੰ ਯਿਸੂ ਨਾਸਰੀ ਦੇ ਪਿਤਾ ਦੇ ਰੂਪ ਵਿਚ ਇਮਾਨ ਕਰਦੇ ਹੋਏ ਵੇਖਿਆ ਸੀ, ਪਰ ਕੀ ਇਹ ਕਹਾਣੀ ਦਾ ਅਖੀਰ ਹੈ? ਕੀ ਯਿਸੂ ਸੰਸਾਰ ਵਿਚ ਕੇਵਲ ਇਹੀ ਵਿਖਾਉਣ ਲਈ ਆਇਆ ਸੀ ਕਿ ਖ਼ੁਦਾ ਉਹਦਾ ਰੂਹਾਨੀ ਪਿਤਾ ਹੈ? ਇਹ ਦਰਸ਼ਨ ਹੈਰਾਨ ਕਰਨ ਵਾਲਾ ਹੈ। ਪਰ ਕੁਝ ਹੋਰ ਵੀ ਹੈ ਜੋ ਸਾਨੂੰ ਤਨਾਉ ਵਿਚ ਪਾਉਂਦਾ ਹੈ ਅਤੇ ਸ਼ੁਕਰਗੁਜ਼ਾਰੀ ਨਾਲ ਸਾਡੇ ਮਨਾਂ ਨੂੰ ਉਚਾਈ ਤਕ ਲੈ ਜਾਂਦਾ ਹੈ। ਹੁਣ ਅਸੀਂ ਜਾਣਦੇ ਹਾਂ ਕਿ ਯਿਸੂ ਦੇ ਰੂਹਾਨੀ ਪਿਤਾ ਦੇ ਰੂਪ ਵਿਚ, ਖ਼ੁਦਾ ਨੇ ਸਾਡੇ ਗੁਨਾਹਾਂ ਲਈ ਕੁਰਬਾਨੀ ਦੇ ਰੂਪ ਵਿਚ ਆਪਣੇ ਪ੍ਰਭੂ ਨੂੰ ਕੁਰਬਾਨ ਕਰ ਦਿਤਾ ਤਾਂ ਕਿ ਅਸੀਂ ਵੀ ਆਪਣੇ ਆਤਮਿਕ ਪਿਤਾ ਦੇ ਰੂਪ ਵਿਚ ਖ਼ੁਦਾ ਨੂੰ ਪਾ ਸਕੀਏ। ਜਦ ਤਕ ਵਕਤ ਚਲਦਾ ਰਹੇਗਾ, ਤਦ ਤਕ ਇਸ ਤੋਂ ਵੱਡਾ ਕੋਈ ਕੰਮ ਨਹੀਂ ਹੋਏਗਾ। ਆਉਣ ਵਾਲੀਆਂ ਸਦੀਆਂ ਵਿਚ, ਕੋਈ ਅਜਿਹਾ ਯੁਗ ਨਹੀਂ ਆਏਗਾ ਜਿਸ ਵਿਚ ਬਾਈਬਲ ਵਰਗੀ ਕਿਸੇ ਹੋਰ ਕਿਤਾਬ ਵਿਚ ਪਿਤਾ ਦੀ ਕਿਸੇ ਹੋਰ ਭੂਮਿਕਾ ਵਿਚ ਖ਼ੁਦਾ ਨੂੰ ਵਿਖਾਇਆ ਜਾਏਗਾ। ਮਸੀਹੀ ਯੁਗ ਵਿਚ, ਅਸੀਂ ਮੁਕਤੀ ਦੀ ਉਸਦੀ ਮਹਾਨ ਯੋਜਨਾ ਦੇ ਅਖੀਰ ਨੂੰ ਮਹਿਸੂਸ ਕਰ ਰਹੇ ਹਾਂ। ਇਹ ਇਕ ਹੈਰਾਨ ਕਰਨ ਵਾਲੀ ਯੋਜਨਾ ਹੈ। ਮਨੁੱਖਾਂ ਨਾਲ ਮੇਲ ਮਿਲਾਪ ਕਰਨ ਦਾ ਖ਼ੁਦਾ ਦਾ ਇਹ ਅਖ਼ੀਰੀ ਢੰਗ ਹੈ। ਖ਼ੁਦਾ ਨੇ ਮਸੀਹ ਵਿਚ ਇਸਦੇ ਪੂਰੇ ਹੋਣ ਨੂੰ ਸੰਸਾਰ ਦੀ ਰਚਨਾ ਤੋਂ ਵੀ ਪਹਿਲਾਂ ਵੇਖਿਆ ਸੀ:

> ਜਿਵੇਂ ਉਹ ਨੇ ਸਾਨੂੰ ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਉਸ ਵਿਚ ਚੁਣ ਲਿਆ ਭਈ ਅਸੀਂ ਉਹ ਦੇ ਸਨਮੁਖ ਪ੍ਰੇਮ ਵਿਚ ਪਵਿੱਤਰ ਅਤੇ ਨਿਰਮਲ ਹੋਈਏ। ਉਹ ਨੇ ਜੋ ਆਪਣੀ ਮਰਜ਼ੀ ਦੇ ਨੇਕ ਇਰਾਦੇ ਦੇ ਅਨੁਸਾਰ ਯਿਸੂ ਮਸੀਹ ਦੇ ਰਾਹੀਂ ਆਪਣੇ ਲਈ ਸਾਨੂੰ ਲੇਪਾਲਕ ਪੁੱਤਰ ਹੋਣ ਨੂੰ ਅੱਗੋਂ ਹੀ ਠਹਿਰਾਇਆ। ਭਈ ਉਹ ਦੀ ਕਿਰਪਾ ਦੀ ਮਹਿਮਾ ਦੀ ਉਸਤਤ ਹੋਵੇ ਜਿਹੜੀ ਉਹ ਨੇ ਉਸ ਪਿਆਰੇ ਵਿਚ ਸਾਨੂੰ ਬਖ਼ਸ਼ ਦਿੱਤੀ (ਅਫ਼ਸੀਆਂ 1:4-6)।

ਰਹੀਮ, ਪ੍ਰੇਮੀ ਪਿਤਾ ਦਾ ਇਹ ਕਿੰਨਾ ਮਹਾਨ ਅਤੇ ਅਨੋਖਾ ਕੰਮ ਹੈ! ਉਸ ਨੇ ਸਾਡੇ ਲਈ ਉਸਦੀ ਔਲਾਦ ਹੋਣ ਦਾ ਰਸਤਾ ਖੋਲ ਦਿੱਤਾ ਹੈ। ਉਹ ਸਾਡਾ ਰੂਹਾਨੀ ਪਿਤਾ ਬਣਨਾ ਚਾਹੁੰਦਾ ਹੈ। ਜਿਵੇਂ ਮਨੁੱਖ ਕੌਮ ਨੂੰ ਬਣਾਉਣ ਵੇਲੇ ਸ਼ੁਰੂ ਵਿਚ ਉਸਨੇ ਪਵਿੱਤਰ ਬਣਾਇਆ ਸੀ ਉਸੇ ਹੀ ਤਰ੍ਹਾਂ ਉਹ ਸਾਨੂੰ ਫੇਰ ਤੋਂ ਬਣਾਉਣਾ ਚਾਹੁੰਦਾ ਹੈ। ਉਹ ਚਾਹੁੰਦਾ ਹੈ ਕਿ ਅਸੀਂ ਫਿਰ ਤੋਂ ਉਹਦੇ ਪਰਿਵਾਰ ਵਿਚ ਸ਼ਾਮਿਲ ਹੋਈਏ। ਉਹ ਚਾਹੁੰਦਾ ਹੈ ਕਿ ਅਸੀਂ ''ਘਰ ਮੁੜ ਆਈਏ।''

ਅਸੀਂ ਉਹਦਾ ਰਹਿਮ ਨਾਲ ਭਰਿਆ ਹੋਇਆ ਸੱਦਾ ਕਿਵੇਂ ਮਨਜ਼ੂਰ ਕਰਦੇ ਹਾਂ? ਅਸੀਂ ਉਸਦੇ ਅਥਾਹ ਪਿਆਰ ਦੀ ਭੇਂਟ ਯਾਨੀ ਯਿਸੂ ਮਸੀਹ ਨੂੰ ਕਬੂਲ ਕਰਦੇ ਹਾਂ (ਯੂਹੰਨਾ 8:24)। ਉਸ ਨੂੰ ਖ਼ੁਦਾ ਦਾ ਬੇਟਾ ਮੰਨ ਕੇ ਅਸੀਂ ਮਨ ਫਿਰਾ ਕੇ ਉਹਦੀ ਵੱਲ ਮੁੜਦੇ ਹਾਂ (ਲੂਕਾ 13:1-5)। ਅਤੇ ਆਪਣੇ ਪਾਪਾਂ ਦੀ ਖਿਮਾ ਲਈ ਉਸ ਵਿਚ ਬਪਤਿਸਮਾ ਲੈਂਦੇ ਹਾਂ (ਮੱਤੀ 28:18-20; ਰਸੂਲਾਂ ਦੇ ਕੰਮ 2:38, 39)। ਇਸ ਦਫ਼ਨ ਹੋਣ ਨਾਲ ਅਸੀਂ ਪਾਪ ਲਈ ਮਰਦੇ ਹਾਂ, ਅਤੇ ਨਵਾਂ ਜਨਮ ਲੈ ਕੇ ਨਵਾਂ ਜੀਵਨ ਜੀਣ ਲਈ ਜੀ ਉੱਠਦੇ ਹਾਂ (ਯੂਹੰਨਾ 3:3-5; ਗਲਾਤੀਆਂ 3:26-29; ਰੋਮੀਆਂ 6:1-12)। ਇਸ ਤਰ੍ਹਾਂ ਮਸੀਹ ਵਿਚ ਆਪਣੇ ਵਿਸ਼ਵਾਸ ਦਾ ਇਜ਼ਹਾਰ ਕਰਕੇ, ਅਸੀਂ ਜਾਣਦੇ ਹਾਂ ਕਿ ਸਾਨੂੰ ਸੁਰਗ ਵਿਚ ਆਪਣੇ ਰੂਹਾਨੀ ਪਿਤਾ ਦੇ ਸਾਮ੍ਹਣੇ ਕਬੂਲ ਕਰ ਲਿਆ ਜਾਵੇਗਾ (ਮੱਤੀ 10:32-33)।

> ਸੋ ਜੇ ਕੋਈ ਮਸੀਹ ਵਿਚ ਹੈ ਤਾਂ ਉਹ ਨਵੀਂ ਸਰਿਸ਼ਟ ਹੈ। ਪੁਰਾਣੀਆਂ ਗੱਲਾਂ ਕੰਤ

> ਗਈਆਂ, ਵੇਖੋ, ਓਹ ਨਵੀਆਂ ਹੋ ਗਈਆਂ ਹਨ। ਪਰ ਸਾਰੀਆਂ ਗੱਲਾਂ ਪਰਮੇਸ਼ੁਰ ਤੋਂ ਹਨ ਜਿਹ ਨੇ ਮਸੀਹ ਦੇ ਰਾਹੀਂ ਸਾਨੂੰ ਆਪਣੇ ਨਾਲ ਮਿਲਾ ਲਿਆ ਅਤੇ ਮਿਲਾਪ ਦੀ ਸੇਵਕਾਈ ਸਾਨੂੰ ਦਿੱਤੀ। ਅਰਥਾਤ ਪਰਮੇਸ਼ੁਰ ਮਸੀਹ ਵਿਚ ਹੋ ਕੇ ਜਗਤ ਨੂੰ ਆਪਣੇ ਨਾਲ ਮਿਲਾ ਰਿਹਾ ਸੀ ਅਤੇ ਉਨ੍ਹਾਂ ਦੇ ਅਪਰਾਧਾਂ ਦਾ ਲੇਖਾ ਨਹੀਂ ਸੀ ਕਰਦਾ (2 ਕੁਰਿੰਥੀਆਂ 5:17-19)।

ਸੌਦਾ ਹੋ ਗਿਆ ਹੈ। ਸਾਡੇ ਪਾਪਾਂ ਲਈ ਬਲੀਦਾਨ ਦੇ ਰੂਪ ਵਿਚ ਆਪਣੇ ਪੁੱਤਰ ਦੀ ਭੇਂਟ ਚੜ੍ਹਾਉਣ ਦੀ ਖ਼ੁਦਾ ਦੀ ਯੋਜਨਾ ਅਜੀਬ ਢੰਗ ਨਾਲ ਪੂਰੀ ਹੋ ਗਈ ਹੈ। ਜਦੋਂ ਅਸੀਂ ''ਮਸੀਹ ਵਿਚ ਸੰਸਾਰ ਨੂੰ ਆਪਣੇ ਨਾਲ ਮਿਲਉਣ ਦੀ'' ਖ਼ੁਦਾ ਦੀ ਪੇਸ਼ਕਸ਼ ਨੂੰ ਕਬੂਲ ਕਰਦੇ ਹਾਂ, ਤਾਂ ਕਿ ਉਹ ਆਪਣੇ ਪੁੱਤਰ ਯਿਸੂ ਦੇ ਨਾਲ ਸਾਡਾ ਰੂਹਾਨੀ ਪਿਤਾ ਬਣ ਜਾਂਦਾ ਹੈ। ਸਾਡੇ ਅਨੰਤ ਭਾਗਾਂ ਲਈ ਕਿੰਨੀ ਵੱਡੀ ਸੰਭਾਵਨਾ ਹੈ! ਰੂਹਾਨੀ ਪਿਤਾ ਸਾਡਾ ਸ਼ਾਸਕ ਹੈ, ਯਿਸੂ ਸਾਡਾ ਮੁਕਤੀਦਾਤਾ, ਭਰਾ ਅਤੇ ਮਿੱਤਰ, ਤਾਂ ਅਸੀਂ ਖ਼ੁਦਾ ਦੇ ਕੰਮ ਵਿਚ ਸ਼ਰੀਕ ਬਣ ਜਾਂਦੇ ਹਾਂ ਜੋ ਏਨਾ ਡਰਾਉਣ ਵਾਲਾ ਹੈ ਕਿ ਸਾਰੀ ਸ੍ਰਿਸ਼ਟੀ ਦੇ ਸਮਝਦਾਰ ਜੀਵ ਖ਼ੁਦਾ ਦੀ ਅਲੌਕਿਕ ਬੁੱਧ ਤੋਂ ਹੈਰਾਨ ਰਹਿ ਜਾਂਦੇ ਹਨ। ਅਫ਼ਸੀਆਂ 3:10-12 ਕਹਿੰਦਾ ਹੈ:

> ਭਈ ਹੁਣ ਕਲੀਸੀਆ ਦੇ ਰਾਹੀਂ ਸੁਰਗੀ ਥਾਵਾਂ ਵਿਚ ਹਕੂਮਤਾਂ ਅਤੇ ਅਖ਼ਤਿਆਰਾਂ ਉੱਤੇ ਪਰਮੇਸ਼ੁਰ ਦਾ ਨਾਨਾ ਪ੍ਰਕਾਰ ਦਾ ਗਿਆਨ ਪਰਗਟ ਕੀਤਾ ਜਾਵੇ। ਉਸ ਸਦੀਪਕ ਮਨਸ਼ਾ ਦੇ ਅਨੁਸਾਰ ਜਿਹੜੀ ਉਸ ਨੇ ਮਸੀਹ ਯਿਸੂ ਸਾਡੇ ਪ੍ਰਭੂ ਵਿਚ ਧਾਰੀ। ਜਿਹਦੇ ਵਿਚ ਉਸ ਉੱਤੇ ਨਿਹਚਾ ਕਰਨ ਦੇ ਦੁਆਰਾ ਸਾਨੂੰ ਦਿਲੇਰੀ ਅਤੇ ਢੋਈ ਭਰੋਸੇ ਨਾਲ ਪ੍ਰਾਪਤ ਹੁੰਦੀ ਹੈ।